ਆਸਟ੍ਰੇਲਿਆਈ ਸਰਕਾਰ (ਆਸਟ੍ਰੇਲਿਅਨ ਗਵਰਨਮੇਂਟ)
ਮਾਈਗ੍ਰੇਸ਼ਨ ਏਜੰਟਾਂ ਦਾ ਦਫਤਰ (ਆਫਿਸ ਆਫ ਦ ਮਾਈਗ੍ਰੇਸ਼ਨ ਏਜੰਟਸ)
ਪੰਜੀਕਰਨ ਪ੍ਰਾਧੀਕਰਨ (ਰੇਜੀਸਟ੍ਰੇਸ਼ਨ ਅਥੋਰਿਟੀ)

# ਆਸਟ੍ਰੇਲਿਆ ਤੋਂ ਬਾਹਰ ਕੰਮ ਕਰ ਰਹੇ ਮਾਈਗ੍ਰੇਸ਼ਨ ਏਜੰਟਾਂ ਬਾਰੇ ਜਾਣਕਾਰੀ

## ਵੀਜ਼ਾ ਪ੍ਰਾਰਥੀਆਂ ਲਈ ਸਲਾਹ

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਵੀਜ਼ਾ ਆਵੇਦਨ ਪੱਤਰ ਦੇਣ ਸਮੇਂ ਤੁਹਾਨੂੰ ਇਕ ਮਾਈਗ੍ਰੇਸ਼ਨ ਏਜੰਟ ਦੀ ਲੋੜ ਨਹੀਂ ਹੈ। ਇਕ ਮਾਈਗ੍ਰੇਸ਼ਨ ਏਜੰਟ ਨਾਂ ਤਾਂ ਤੁਹਾਡੇ ਆਵੇਦਨ ਪੱਤਰ ਦੇ ਸਿੱਟਿਆਂ 'ਤੇ ਅਸਰ ਪਾ ਸਕਦਾ ਹੈ, ਨਾਂ ਹੀ ਪਹਿਲਾਂ ਤੋਂ ਵੇਖ ਸਕਦਾ ਹੈ, ਅਤੇ ਨਾਂ ਹੀ ਇਸ ਦੀ ਪ੍ਰੋਸੈਸਿੰਗ (ਕਾਰਵਾਈ) ਨੂੰ ਤੇਜ ਕਰ ਸਕਦਾ ਹੈ।

ਡਿਪਾਰਟਮੈਂਟ ਆਫ ਈਮੀਗ੍ਰੇਸ਼ਨ ਐਂਡ ਸਿਟਿਜ਼ਨਸ਼ਿਪ (ਡੀਆਈਏਸੀ) ਰਾਹੀਂ ਪ੍ਰੋਸੈਸ ਕੀਤੇ ਗਏ ਵਧੇਰੇ ਆਵੇਦਨ ਪੱਤਰ ਮਾਈਗ੍ਰੇਸ਼ਨ ਏਜੰਟਾਂ ਰਾਹੀਂ ਦਰਜ ਨਹੀਂ ਕੀਤੇ ਜਾਂਦੇ ਹਨ।

ਫੇਰ ਵੀ, ਜੇਕਰ ਤੁਸੀਂ ਇਕ ਵੀਜ਼ਾ ਆਵੇਦਨ ਪੱਤਰ ਦਰਜ ਕਰਨ ਵਿਚ ਆਤਮਵਿਸ਼ਵਾਸੀ ਮਹਿਸੂਸ ਨਹੀਂ ਕਰਦੇ ਹੋ ਜਾਂ ਤੁਹਾਡਾ ਮਾਮਲਾ ਜਟਿਲ ਹੈ ਤਾਂ ਤੁਸੀਂ ਇਕ ਪੰਜੀਕ੍ਰਿਤ ਮਾਈਗ੍ਰੇਸ਼ਨ ਏਜੰਟ ਦੀ ਵਰਤੋਂ ਕਰਨਾ ਚਾਹ ਸਕਦੇ ਹੋ।

ਇਹ ਕਨੂੰਨੀ ਰੂਪ ਤੋਂ ਜਰੂਰੀ ਹੈ ਕਿ ਆਸਟ੍ਰੇਲਿਆ ਵਿਚ ਕੰਮ ਕਰ ਰਹੇ ਮਾਈਗ੍ਰੇਸ਼ਨ ਏਜੰਟ ਆਫਿਸ ਆਫ ਦ ਮਾਈਗ੍ਰੇਸ਼ਨ ਏਜੰਟਸ ਰਜੀਸਟ੍ਰੇਸ਼ਨ ਅਥੋਰਿਟੀ (ਐਮਏਆਰਏ ਦਾ ਦਫਤਰ) ਦੇ ਨਾਲ ਪੰਜੀਕ੍ਰਿਤ ਹੋਣ। ਆਸਟ੍ਰੇਲਿਆ ਵਿਚ ਪੰਜੀਕ੍ਰਿਤ ਕੀਤੇ ਗਏ ਕੁਝ ਮਾਈਗ੍ਰੇਸ਼ਨ ਏਜੰਟ ਦੂਜੇ ਦੇਸ਼ਾਂ ਵਿਚ ਕੰਮ (ਅਭਿਆਸ) ਕਰਦੇ ਹਨ। ਐਮਏਆਰਏ ਦੇ ਦਫਤਰ ਵਿਚ ਤੁਸੀਂ ਪੰਜੀਕ੍ਰਿਤ ਮਾਈਗ੍ਰੇਸ਼ਨ ਏਜੰਟਾਂ ਨੂੰ www.mara.com.au 'ਤੇ ਲੱਭ ਸਕਦੇ ਹੋ।

## ਆਵੇਦਨ ਪੱਤਰ ਦਰਜ ਕਰਨਾ

ਤੁਸੀਂ ਡੀਆਈਏਸੀ ਨੂੰ ਸਿੱਧੇ ਤੌਰ 'ਤੇ ਆਵੇਦਨ ਪੱਤਰ ਦਰਜ ਕਰ ਸਕਦੇ ਹੋ ਜਾਂ ਇਕ ਨੁਮਾਇੰਦੇ ਨੂੰ ਤੁਹਾਡੀ ਖਾਤਰ ਆਵੇਦਨ ਪੱਤਰ ਦਰਜ ਕਰਨ ਲਈ ਰਹਿ ਸਕਦੇ ਹੋ। ਵਿਭਾਗ ਇਹ ਪਰਵਾਹ ਕੀਤੇ ਬਿਨਾਂ ਕਿ ਆਵੇਦਨ ਪੱਤਰ ਕੌਣ ਦਰਜ ਕਰਾ ਰਿਹਾ ਹੈ, ਸਾਰੇ ਆਵੇਦਨ ਪੱਤਰਾਂ ਨੂੰ ਸਵੀਕਾਰ ਕਰਦਾ ਹੈ। ਜਿਆਦਾਤਰ ਆਵੇਦਨ ਪੱਤਰ ਆਨਲਾਈਨ ਦਰਜ ਕੀਤੇ ਜਾ ਸਕਦੇ ਹਨ।

ਜੇਕਰ ਆਸਟ੍ਰੇਲਿਆ ਤੋਂ ਬਾਹਰ ਸਥਿਤ ਇਕ ਅਪੰਜੀਕ੍ਰਿਤ ਮਾਈਗ੍ਰੇਸ਼ਨ ਏਜੰਟ ਤੁਹਾਡੀ ਖਾਤਰ ਆਵੇਦਨ ਪੱਤਰ ਦਰਜ ਕਰਦਾ ਹੈ ਤਾਂ ਉਸ ਨੂੰ ਇਕ ਪਛਾਣ ਸੰਖਿਆ ਦਿੱਤੀ ਜਾਂਦੀ ਹੈ। ਇਸ ਸੰਖਿਆ ਦੀ ਵਰਤੋਂ ਡੀਆਈਏਸੀ ਦੇ ਪ੍ਰਸ਼ਾਸਨਿਕ ਮੰਤਵਾਂ ਲਈ ਕੀਤੀ ਜਾਂਦੀ ਹੈ ਅਤੇ ਇਹ ਨਾਂ ਤਾਂ ਏਜੰਟ ਨੂੰ ਪ੍ਰਾਰਥਮਿਕਤਾ ਦਿੰਦੀ ਹੈ ਅਤੇ ਨਾਂ ਹੀ ਖਾਸ ਅਧਿਕਾਰ ਪ੍ਰਦਾਨ ਕਰਦੀ ਹੈ।

ਵੀਜ਼ਾ, ਆਵੇਦਨ ਪੱਤਰਾਂ ਦੀ ਕਿਰਿਆ ਅਤੇ ਡੀਆਈਏਸੀ ਦਫਤਰਾਂ ਦਾ ਸੰਪਰਕ ਵੇਰਵਾ www.immi.gov.au 'ਤੇ ਉਪਲਬਧ ਹੈ।

## ਕਿਸੇ ਮਾਈਗ੍ਰੇਸ਼ਨ ਏਜੰਟ ਦੀ ਵਰਤੋਂ ਕਰਨ ਦੀ ਚੋਣ ਕਰਨਾ

ਜੇਕਰ ਤੁਸੀਂ ਇਕ ਮਾਈਗ੍ਰੇਸ਼ਨ ਏਜੰਟ ਨੂੰ ਨਿਯੁਕਤ ਕਰਨਾ ਚਾਹੁੰਦੇ ਹੋ ਤਾਂ ਡੀਆਈਏਸੀ ਤੁਹਾਨੂੰ ਐਮਏਆਰਏ ਦੇ ਦਫਤਰ 'ਤੇ ਪੰਜੀਕ੍ਰਿਤ ਕਿਸੇ ਏਜੰਟ ਦੀ ਵਰਤੋਂ ਕਰਨ ਦੀ ਸਲਾਹ ਦਿੰਦਾ ਹੈ, ਜਾਂ ਜੇਕਰ ਇਹ ਸੰਭਵ ਨਾ ਹੋਵੇ ਤਾਂ ਤੁਸੀਂ ਆਪਣੇ ਦੇਸ਼ ਵਿਚ ਮਾਨਤਾ ਪ੍ਰਾਪਤ ਏਜੰਟ ਦੀ ਵਰਤੋਂ ਕਰ ਸਕਦੇ ਹੋ।

ਜੇਕਰ ਤੁਹਾਨੂੰ ਸ਼ੰਕਾ ਹੈ ਕਿ ਕੋਈ ਐਮਏਆਰਏ ਦੇ ਦਫਤਰ ਪੰਜੀਕ੍ਰਿਤ ਏਜੰਟ ਕਿਸੇ ਅਪਰਾਧੀ ਵਰਤਾਓ ਵਿਚ ਜੁਟ ਰਿਹਾ ਹੈ ਤਾਂ ਸਥਾਨੀ ਡੀਆਈਏਸੀ ਦਫਤਰ ਨੂੰ ਸੂਚਿਤ ਕਰੋ। ਐਮਏਆਰਏ ਦੇ ਦਫਤਰ 'ਤੇ ਪੰਜੀਕ੍ਰਿਤ ਏਜੰਟਾਂ ਬਾਰੇ ਦੂਜੀਆਂ ਸ਼ਿਕਾਇਤਾਂ www.mara.com.au 'ਤੇ ਦਰਜ ਕੀਤੀਆਂ ਜਾ ਸਕਦੀਆਂ ਹਨ।

ਜੇਕਰ ਤੁਸੀਂ ਆਸਟ੍ਰੇਲਿਆ ਤੋਂ ਬਾਹਰ ਸਥਿਤ ਕਿਸੇ ਅਪੰਜੀਕ੍ਰਿਤ ਮਾਈਗ੍ਰੇਸ਼ਨ ਏਜੰਟ ਦੀ ਵਰਤੋਂ ਕਰਨਾ ਚਾਹੁੰਦੇ ਹੋ ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਜਾਣਦੇ ਹੋ ਕਿ ਤੁਸੀਂ ਉਨ੍ਹਾਂ ਤੋਂ ਕਿਹੜੀ ਤਰਕਸੰਗਤ ਆਸ ਕਰ ਸਕਦੇ ਹੋ ਅਤੇ ਜੇਕਰ ਏਜੰਟ ਅਯੋਗਤਾ, ਬੇਈਮਾਨੀ ਜਾਂ ਧੋਖਾਧੜੀ ਭਰੇ ਕਾਰਜ ਕਰਦਾ ਹੈ ਤਾਂ ਤੁਸੀ ਆਪਣੇ ਵਿਕਲਪ ਜਾਣਦੇ ਹੋ।

ਜੇਕਰ ਤੁਹਾਨੂੰ ਸ਼ੰਕਾ ਹੈ ਕਿ ਕੋਈ ਅਪੰਜੀਕ੍ਰਿਤ ਮਾਈਗ੍ਰੇਸ਼ਨ ਏਜੰਟ ਕਿਸੇ ਅਪਰਾਧੀ ਵਰਤਾਓ ਵਿਚ ਜੁਟ ਰਿਹਾ ਹੈ ਤਾਂ ਤੁਹਾਨੂੰ ਇਸ ਦੀ ਸੂਚਨਾ ਸਥਾਨੀ ਕਨੂੰਨੀ ਪ੍ਰਵਰਤਨ ਅਧਿਕਾਰੀ ਨੂੰ ਦੇਣੀ ਚਾਹੀਦੀ ਹੈ ਅਤੇ ਆਪਣੇ ਸਥਾਨੀ ਡੀਆਈਏਸੀ ਦਫਤਰ ਨੂੰ ਸੂਚਿਤ ਕਰਨਾ ਚਾਹੀਦਾ ਹੈ।

## ਯਾਦ ਰੱਖੋ

- ਤੁਹਾਨੂੰ ਮਾਈਗ੍ਰੇਸ਼ਨ ਏਜੰਟ ਦੀ ਵਰਤੋਂ ਕਰਨ ਦੀ ਕੋਈ ਲੋੜ ਨਹੀਂ ਹੈ।
- ਜੇਕਰ ਤੁਸੀਂ ਮਾਈਗ੍ਰੇਸ਼ਨ ਏਜੰਟ ਦੀ ਵਰਤੋਂ ਕਰਨ ਦੀ ਚੋਣ ਕਰਦੇ ਹੋ ਤਾਂ ਸਿਰਫ ਪੰਜੀਕ੍ਰਿਤ ਏਜੰਟ ਦੀ ਵਰਤੋਂ ਕਰੋ।
- ਡੀਆਈਏਸੀ ਤੁਹਾਨੂੰ ਆਸਟ੍ਰੇਲਿਆ ਵਿਚ ਪੰਜੀਕ੍ਰਿਤ ਮਾਈਗ੍ਰੇਸ਼ਨ ਏਜੰਟ ਦੀ ਵਰਤੋਂ ਕਰਨ ਦੀ ਸਲਾਹ ਦਿੰਦਾ ਹੈ।

ਜਿਆਦਾ ਜਾਣਕਾਰੀ www.immi.gov.au ‘ਤੇ ਉਪਲਬਧ ਹੈ।